# ਭਾਰਤ ਅਤੇ ਆਈਸਲੈਂਡ ਵਿਚਕਾਰ 4ਥੇ ਵਿਦੇਸ਼ ਦਫ਼ਤਰ ਸਲਾਹ-ਮਸ਼ਵਰੇ

24 ਮਾਰਚ, 2026

ਭਾਰਤ ਅਤੇ ਆਈਸਲੈਂਡ ਨੇ 23 ਮਾਰਚ 2026 ਨੂੰ ਰੇਕਿਉਵਿਕ ਵਿੱਚ 4ਥੇ ਵਿਦੇਸ਼ ਦਫ਼ਤਰ ਦੇ ਸਲਾਹ ਮਸ਼ਵਰੇ (FOC) ਆਯੋਜਿਤ ਕੀਤੇ ਗਏ. ਭਾਰਤੀ ਪੱਖ ਦੀ ਅਗਵਾਈ ਵਿਦੇਸ਼ ਮੰਤਰਾਲੇ ਦੇ ਸਕੱਤਰ (ਪੱਛਮ) ਸ਼੍ਰੀ ਸਿਬੀ ਜਾਰਜ ਨੇ ਕੀਤੀ ਸੀ, ਅਤੇ ਆਈਸਲੈਂਡਿਕ ਪੱਖ ਦੀ ਦੀ ਅਗਵਾਈ ਆਈਸਲੈਂਡ ਦੇ ਵਿਦੇਸ਼ ਮਾਮਲਿਆਂ ਦੇ ਮੰਤਰਾਲੇ ਵਿੱਚ ਸਥਾਈ ਰਾਜ ਸਕੱਤਰ ਮਹਾਮਹਿਮ ਸ਼੍ਰੀ ਮਾਰਟਿਨ ਏਯੋਲਫ਼ਸਨ ਨੇ ਕੀਤੀ ਸੀ। ਮਾਰਚ 2023 ਵਿੱਚ ਭਾਰਤ ਵੱਲੋਂ FOC ਦੇ ਆਖਰੀ ਦੌਰ ਦੀ ਮੇਜ਼ਬਾਨੀ ਕੀਤੀ ਸੀ.

2. ਭਾਰਤ ਅਤੇ ਆਈਸਲੈਂਡ ਨੇੜਲੇ ਅਤੇ ਮਿੱਤਰਤਾਪੂਰਨ ਸੰਬੰਧਾਂ ਦਾ ਅਨੰਦ ਮਾਣਦੇ ਹਨ, ਅਤੇ ਦੋਵਾਂ ਵਿਚਕਾਰ ਰਾਜਨੀਤਿਕ ਅਤੇ ਅਧਿਕਾਰਤ ਪੱਧਰਾਂ 'ਤੇ ਨਿਯਮਿਤ ਆਦਾਨ-ਪ੍ਰਦਾਨ ਇਸਦੀ ਵਿਸ਼ੇਸ਼ਤਾ ਹੈ, ਜੋਕਿ ਪਿਛਲੇ ਸਾਲਾਂ ਵਿੱਚ ਤੀਬਰ ਹੋ ਗਏ ਹਨ। ਭਾਰਤ-EFTA ਵਪਾਰ ਅਤੇ ਆਰਥਿਕ ਸਾਂਝੇਦਾਰੀ ਸਮਝੌਤਾ, ਜੋ 1 ਅਕਤੂਬਰ 2025 ਤੋਂ ਲਾਗੂ ਹੋਇਆ ਹੈ, ਨੇ ਸੰਬੰਧਾਂ ਵਿੱਚ ਇੱਕ ਨਵਾਂ ਪਹਿਲੂ ਜੋੜਿਆ ਹੈ. ਆਈਸਲੈਂਡ ਯੂਰੋਪੀਅਨ ਮੁਕਤ ਵਪਾਰ ਖੇਤਰ (EFTA) ਦੇ ਚਾਰ ਸਦੱਸ ਦੇਸ਼ਾਂ ਵਿੱਚੋਂ ਇੱਕ ਹੈ।

3. FOC ਦੇ ਦੌਰਾਨ, ਦੋਵੇਂ ਧਿਰਾਂ ਨੇ ਰਾਜਨੀਤਿਕ ਵਪਾਰ ਅਤੇ ਨਿਵੇਸ਼, ਭਾਰਤ-EFTA-TEPA ਦੇ ਲਾਗੂਕਰਨ, ਭੂ-ਤਾਪਮਾਨ, ਮੱਛੀ ਪਾਲਣ, ਸਮਰੱਥਾ ਨਿਰਮਾਣ, ਸੱਭਿਆਚਾਰ ਅਤੇ ਲੋਕਾਂ ਵਿਚਕਾਰ ਦੇ ਆਪਸੀ ਸਬੰਧਾਂ ਸਮੇਤ ਸਾਰੇ ਖੇਤਰਾਂ ਵਿੱਚ ਸਹਿਯੋਗ ਦੀ ਸਥਿਤੀ ਦੀ ਵਿਆਪਕ ਸਮੀਖਿਆ ਕੀਤੀ। ਦੋਵੇਂ ਧਿਰਾਂ ਨੇ 2025 ਵਿੱਚ ਦੁਵੱਲੇ ਵਪਾਰ ਅਤੇ ਭਾਰਤ ਵਿੱਚ ਆਈਸਲੈਂਡਿਕ ਕੰਪਨੀਆਂ ਦੁਆਰਾ ਨਿਵੇਸ਼ ਵਿੱਚ ਹੋਏ ਵਾਧੇ ਨੂੰ ਸਵੀਕਾਰ ਕੀਤਾ. ਬਹੁਪੱਖੀ ਮੰਚਾਂ ਖਾਸ ਕਰਕੇ ਸੰਯੁਕਤ ਰਾਸ਼ਟਰ ਵਿੱਚ ਸਹਿਯੋਗ ਦੀ ਭਵਿੱਖ ਦੀ ਦਿਸ਼ਾ 'ਤੇ ਵਿਸਥਾਰਪੂਰਵਕ ਚਰਚਾ ਕੀਤੀ ਗਈ।

4. FOC ਨੇ ਭਾਰਤ ਅਤੇ ਆਈਸਲੈਂਡ ਦੇ ਗੁਆਂਢੀ ਦੇਸ਼ਾਂ ਵਿੱਚ ਹੋਈ ਘਟਨਾਵਾਂ ਸਮੇਤ ਆਪਸੀ ਹਿੱਤਾਂ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਦਾ ਮੌਕਾ ਵੀ ਪ੍ਰਦਾਨ ਕੀਤਾ। ਦੋਵੇਂ ਪੱਖਾਂ ਨੇ ਬਹੁਪੱਖੀ ਸ਼ਮੂਲੀਅਤ ਦੇ ਮਹੱਤਵ ਅਤੇ ਵਿਸ਼ਵਵਿਆਪੀ ਚੁਣੌਤੀਆਂ 'ਤੇ ਨਿਰੰਤਰ ਵਾਰਤਾ ਦੇ ਮਹੱਤਵ 'ਤੇ ਜ਼ੋਰ ਦਿੱਤਾ।

5. ਰੇਕਿਉਵਿਕ ਦੇ ਆਪਣੇ ਦੌਰੇ ਦੌਰਾਨ, ਸਕੱਤਰ (ਪੱਛਮ) ਨੇ ਆਈਸਲੈਂਡ ਦੀ ਵਿਦੇਸ਼ ਮੰਤਰੀ ਮਹਾਮਹਿਮ ਸੁਸ਼੍ਰੀ ਪੋਰਗੇਰਲੋਰ ਕਾਤਰੀਨ ਗੁੰਨਾਰਸਦੋਤੀਰ ਅਤੇ ਆਈਸਲੈਂਡ ਸੰਸਦ ਦੀ ਸਪੀਕਰ ਮਹਾਮਹਿਮ ਸੁਸ਼੍ਰੀ ਪੋਰੁਨ ਸੁਵੈਨਬਿਆਰਨਾਰਦੋਤੀਰ ਨਾਲ ਵੀ ਮੁਲਾਕਾਤ ਕੀਤੀ। ਉਨ੍ਹਾਂ ਨੇ ਰੇਕਿਉਵਿਕ ਵਿੱਚ ਭਾਰਤੀ ਸਮੁਦਾਇ ਨਾਲ ਵੀ ਗੱਲਬਾਤ ਕੀਤੀ ਅਤੇ ਭਾਰਤ-ਆਈਸਲੈਂਡ ਸੰਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਉਨ੍ਹਾਂ ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ।

6. ਦੋਵੇਂ ਧਿਰਾਂ ਨੇ ਨਵੀਂ ਦਿੱਲੀ ਵਿੱਚ ਪਰਸਪਰ ਸੁਵਿਧਾਜਨਕ ਤਰੀਕ 'ਤੇ ਵਿਦੇਸ਼ ਦਫ਼ਤਰ ਦੇ ਅਗਲੇ ਦੌਰ ਦੇ ਸਲਾਹ-ਮਸ਼ਵਰੇ ਕਰਨ 'ਤੇ ਸਹਿਮਤੀ ਜਤਾਈ।

ਰੇਕਿਉਵਿਕ

24 ਮਾਰਚ, 2026